Élections Montréal

# ਚੋਣ ਮੈਨੁਅਲ

## 6 ਅਤੇ 7 ਨਵੰਬਰ 2021

## ਦੀਆਂ ਨਗਰ ਪਾਲਿਕਾ ਚੋਣਾਂ

ਅਨੁਵਾਦ ਸਦਕਾ

**6 ਅਤੇ 7 ਨਵੰਬਰ 2021** ਦੀਆਂ ਨਗਰ ਪਾਲਿਕਾ ਚੋਣਾਂ ਦਾ ਟੀਚਾ ਸਿਟੀ ਅਤੇ ਬੋਰੋ ਦੇ ਮੇਅਰ ਅਤੇ ਕਾਉਂਸਲਰਾਂ ਦੀ ਪਦਵੀ ਦੀ ਨਿਯੁਕਤੀ ਕਰਨਾ ਹੈ।

ਜਿਹੜੇ 103 ਲੋਕ ਇਸ ਵਿੱਚ ਚੁਣੇ ਜਾਣਗੇ ਉਹ 2025 ਤੱਕ ਤੁਹਾਡਾ ਪ੍ਰਤੀਨਿਧ ਕਰਨਗੇ। ਤੁਹਾਡੀ ਵੋਟ ਸਿਟੀ ਨੂੰ ਆਕਾਰ ਦੇਣ ਵਿੱਚ ਸਹਾਇਕ ਹੋਵੇਗੀ।

ਵੋਟ ਪਾਉਣ ਲਈ, ਵੋਟਰਾਂ ਦਾ ਪੰਜੀਕਰਣ ਨਗਰ ਪਾਲਿਕਾ ਦੀ ਵੋਟਰ ਸੂਚੀ ਵਿੱਚ ਹੋਣਾ ਲਾਜ਼ਮੀ ਹੈ।

ਦੇਖਣ ਲਈ

## ਨਗਰ ਪਾਲਿਕਾ ਚੋਣਾਂ ਵਿੱਚ ਕੌਣ ਵੋਟ ਪਾ ਸਕਦਾ ਹੈ?

ਵੋਟ ਪਾਉਣ ਲਈ, ਕਿਸੇ ਵੀ ਵਿਅਕਤੀ ਦਾ ਪੰਜੀਕਰਣ ਵੋਟਰ ਸੂਚੀ ਵਿੱਚ ਹੋਣਾ ਚਾਹੀਦਾ ਹੈ, ਨਵੰਬਰ 7, 2021 ਨੂੰ 18 ਜਾਂ ਉਸਤੋਂ ਵੱਧ ਉਮਰ ਦਾ ਹੋਣਾ ਚਾਹੀਦਾ ਹੈ, ਅਤੇ ਸਿਤੰਬਰ 1, 2021 ਨੂੰ ਹੇਠ ਲਿਖੀਆਂ ਸ਼ਰਤਾਂ ਪੂਰਾ ਕਰਦਾ ਹੋਣਾ ਚਾਹੀਦਾ ਹੈ:

- ਕੈਨੇਡਾ ਦਾ ਵਸਨੀਕ ਹੋਵੇ;
- ਕੁਰੇਟਰਸ਼ਿਪ ਦੇ ਅੰਦਰ ਨਾ ਆਉਂਦਾ ਹੋਵੇ;
- ਹੋਵੇ:
  - ਮੌਂਟਰੀਅਲ ਦਾ ਨਿਵਾਸੀ ਅਤੇ ਪਿਛਲੇ 6 ਮਹੀਨੇ ਤੋਂ ਕਿਉਬੈਕ 'ਚ ਰਹਿ ਰਿਹਾ ਹੋਵੇ;
    ਜਾਂ
  - ਘੱਟੋ-ਘੱਟ 12 ਮਹੀਨਿਆਂ ਤੋਂ ਮੌਂਟਰੀਅਲ ਵਿੱਚ ਇੱਕ ਇਮਾਰਤ ਦਾ ਮਾਲਿਕ ਜਾਂ ਕਿਸੇ ਬਿਜਨੇਸ ਸੰਸਥਾ ਦਾ ਮਾਲਿਕ ਹੋਵੇ।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਂ ਵੋਟ ਪਾਉਣ ਲਈ ਪੰਜੀਕ੍ਰਿਤ ਹਾਂ?

ਇਸ ਮੈਨੁਅਲ ਨਾਲ ਨੱਥੀ ਪੰਜੀਕਰਣ ਦਾ ਨੋਟਿਸ ਸਿਰਲੇਖ ਵੇਖੋ। ਜੇ ਤੁਹਾਡਾ ਨਾਂ ਉੱਥੇ ਹੈ ਤਾਂ ਇਸਦਾ ਅਰਥ ਹੈ ਤੁਸੀਂ ਪੰਜੀਕ੍ਰਿਤ ਹੋ।

ਤੁਸੀਂ elections.montreal.ca 'ਤੇ ਜਾ ਕੇ ਵੀ ਆਪਣਾ ਪੰਜੀਕਰਣ ਦੇਖ ਸਕਦੇ ਹੋ। ਵੋਟ ਪਾਉਣ ਲਈ, ਤੁਹਾਡਾ ਨਾਂ ਨਗਰ ਪਾਲਿਕਾ ਦੀ ਵੋਟਰ ਸੂਚੀ ਵਿੱਚ ਹੋਣਾ ਚਾਹੀਦਾ ਹੈ।

ਪੰਜੀਕਰਣ ਕਰਨ ਲਈ

## ਨਗਰ ਪਾਲਿਕਾ ਦੀ ਵੋਟਰ ਸੂਚੀ ਵਿੱਚ ਪੰਜੀਕਰਣ ਲਈ ਮੈਨੂੰ ਕੀ ਕਰਨਾ ਪਵੇਗਾ ਜਾਂ ਜੇ ਮੈਨੂੰ ਪੰਜੀਕਰਣ ਦੇ ਨੋਟਿਸ ਵਿੱਚ ਕੁੱਝ ਤਰੁੱਟੀਆਂ ਦਿਖਣ ਤਾਂ?

ਅਕਤੂਬਰ 12 ਅਤੇ 18, 2021 ਦੇ ਵਿਚਕਾਰ ਆਪਣੀ ਪਸੰਦ ਦੇ ਸੋਧ ਦਲ ਨੂੰ ਇਸਦੇ ਬਾਰੇ ਦੱਸੋ। ਸੋਧ ਦਲ ਦੀ ਸੂਚੀ ਤੁਹਾਨੂੰ ਪ੍ਰਾਪਤ ਹੋਈ ਡਾਕ ਵਿੱਚੋਂ ਲੈ ਸਕਦੇ ਹੋ।

**ਅਕਤੂਬਰ 18, 2021 ਤੋਂ ਬਾਅਦ ਵੋਟ ਪਾਉਣ ਲਈ ਪੰਜੀਕਰਣ ਕਰਵਾਉਣਾ ਸੰਭਵ ਨਹੀਂ ਹੋਵੇਗਾ।**

## ਮੈਂ ਮੌਂਟਰੀਅਲ ਵਿੱਚ ਵਸਿਆ ਹੋਇਆ ਇੱਕ ਵਿਅਕਤੀ ਹਾਂ ਅਤੇ ਮੈਂ ਸਿਹਤ-ਸੰਬੰਧੀ ਕਾਰਣ ਕਰਕੇ ਸਫ਼ਰ ਨਹੀਂ ਕਰ ਸਕਦਾ। ਮੈਂ ਕਿਵੇਂ ਪੰਜੀਕਰਣ ਕਰਾਂ?

elections.montreal.ca 'ਤੇ ਜਾਓ ਅਤੇ ਰਿਕੁਐਸਟ ਫ਼ੌਰ ਏ ਰਿਵਿਊ ਆਫ਼ ਦਿ ਲਿਸਟ ਆਫ਼ ਇਲੈਕਟਰਜ਼ ਫ਼ਾਰਮ ਨੂੰ ਪ੍ਰਿੰਟ ਕਰ ਲਓ। ਇਸ ਫਾਰਮ ਨੂੰ ਭਰ ਕੇ ਬਾਕੀ ਦੇ ਦਸਤਾਵੇਜ਼ ਨੱਥੀ ਕਰਕੇ ਵਾਪਿਸ ਭੇਜੋ। ਤੁਹਾਡਾ ਫਾਰਮ ਅਕਤੂਬਰ 18, 2021 ਤੱਕ ਪ੍ਰਾਪਤ ਹੋ ਜਾਣਾ ਚਾਹੀਦਾ ਹੈ। ਡਾਕ ਵਿੱਚ ਹੋਣ ਵਾਲੀ ਦੇਰੀ ਬਾਰੇ ਸੋਚ ਕੇ ਚੱਲੋ।

## ਮੈਂ ਨਿੱਜੀ ਪ੍ਰਾਈਵੇਟ ਸੀਨੀਅਰ ਰੈਜ਼ੀਡੈਂਸ, ਵਿਸਿਟਰ ਸੈਂਟਰ ਜਾਂ ਹੋਰਯੋਗ ਸੰਸਥਾਵਾਂ ਵਿੱਚ ਰਹਿੰਦਾ ਹਾਂ, ਮੈਂ ਕਿਵੇਂ ਪੰਜੀਕਰਣ ਕਰਾਂ?

elections.montreal.ca 'ਤੇ ਜਾਓ ਅਤੇ ਯੋਗ ਸੰਸਥਾਵਾਂ ਦੀ ਸੂਚੀ ਲੱਭੋ ਅਤੇ ਰਿਕੁਐਸਟ ਫ਼ੌਰ ਏ ਰਿਵਿਊ ਆਫ਼ ਦਿ ਲਿਸਟ ਆਫ਼ ਇਲੈਕਟਰਜ਼ ਫ਼ਾਰਮ ਨੂੰ ਡਾਊਨਲੋਡ ਕਰੋ। ਇਸ ਫਾਰਮ ਨੂੰ ਪ੍ਰਿੰਟ ਕਰਕੇ ਭਰ ਲਓ। ਸਹਾਇਕ ਦਸਤਾਵੇਜ਼ਾਂ ਨਾਲ ਇਸਦੀ ਫ਼ੋਟੋਕਾਪੀ ਜਾਂ ਤੁਹਾਡੀ ਸੰਸਥਾ ਵਿੱਚ ਨੌਕਰੀ ਕਰਦੇ ਕਿਸੇ ਵਿਅਕਤੀ ਤੋਂ ਸਨਾਖਤ ਕਰਵਾ ਕੇ ਵਾਪਿਸ ਭੇਜੋ। ਤੁਹਾਡਾ ਫਾਰਮ ਅਕਤੂਬਰ 18, 2021 ਤੱਕ ਪ੍ਰਾਪਤ ਹੋ ਜਾਣਾ ਚਾਹੀਦਾ ਹੈ। ਡਾਕ ਦੇ ਸਮੇਂ ਬਾਰੇ ਸੋਚ ਕੇ ਚੱਲੋ।

ਤੁਸੀਂ 12 ਤੋਂ 18 ਅਕਤੂਬਰ, 2021 ਦੇ ਵਿਚਕਾਰ ਕਿਸੇ ਇਕ ਸੋਧ ਦਲ ਕੋਲ ਵੀ ਜਾ ਸਕਦੇ ਹੋ। ਮਾਂ-ਬਾਪ ਜਾਂ ਤੁਹਾਡਾ ਜੀਵਨ ਸਾਥੀ ਤੁਹਾਡੀ ਥਾਂ 'ਤੇ ਆਵੇਦਨ ਦੇ ਸਕਦੇ ਹਨ।

ਸਿੱਖੋ

## ਮੈਂ ਕਦੋਂ ਵੋਟ ਪਾ ਸਕਾਗਾਂ?

ਦੋ ਪੂਰੇ ਵੀਕੈਂਡ ਹੋਣਗੇ ਜਦੋਂ ਤੁਸੀਂ ਵੋਟ ਪਾ ਸਕੋਗੇ।

ਅਡਵਾਂਸ ਵੋਟਿੰਗ ਸ਼ਨੀਵਾਰ, ਅਕਤੂਬਰ 30 ਅਤੇ ਐਤਵਾਰ, ਅਕਤੂਬਰ 31, 2021 ਨੂੰ ਸਵੇਰੇ 9:30 ਤੋਂ ਲੈ ਕੇ ਰਾਤ ਨੂੰ 8:00 ਵਜੇ ਤੱਕ ਹੋਵੇਗੀ।

ਚੋਣ, ਸ਼ਨੀਵਾਰ, ਨਵੰਬਰ 6 ਅਤੇ ਐਤਵਾਰ, ਨਵੰਬਰ 7, 2021 ਨੂੰ ਸਵੇਰੇ 9:30 ਤੋਂ ਲੈ ਕੇ ਰਾਤ ਦੇ 8:00 ਵਜੇ ਤੱਕ ਹੋਵੇਗੀ।

## ਮੈਂ ਕਿੱਥੇ ਵੋਟ ਪਾਵਾਂਗਾ?

elections.montreal.ca 'ਤੇ "ਵੇਅਰ ਐਮ ਆਈ ਗੋਇੰਗ ਟੂ ਵੋਟ?" ਟੂਲ ਨੂੰ ਦੇਖੋ। ਕੁੱਝ ਹੀ ਕਲਿੱਕਾਂ ਵਿੱਚ ਤੁਹਾਨੂੰ ਤੁਹਾਡੇ ਵੋਟਿੰਗ ਸਥਾਨ ਦਾ ਪਤਾ ਚੱਲ ਜਾਵੇਗਾ।

ਅਡਵਾਂਸ ਪੋਲ ਤੋਂ ਪਹਿਲਾਂ ਦੇ ਦਿਨਾਂ ਵਿੱਚ ਪੰਜੀਕ੍ਰਿਤ ਵੋਟਰਾਂ ਨੂੰ ਇੱਕ ਰਿਮਾਂਇਡਰ ਕਾਰਡ ਵੀ ਭੇਜਿਆ ਜਾਵੇਗਾ।

## ਮੈਂ ਸਿਹਤ-ਸੰਬੰਧੀ ਕਾਰਣਾਂ ਕਰਕੇ ਸਫ਼ਰ ਨਹੀਂ ਕਰ ਸਕਦਾ ਜਾਂ ਮੈਂ ਅਜਿਹੇ ਵੋਟਰ ਲਈ ਸੰਭਾਲ-ਪ੍ਰਦਾਤਾ ਹਾਂ ਜੋ ਸਫ਼ਰ ਨਹੀਂ ਕਰ ਸਕਦਾ। ਮੈਂ ਕਿਵੇਂ ਵੋਟ ਪਾ ਸਕਾਂਗਾ?

ਜਿਹੜੇ ਵੋਟਰ ਸਿਹਤ-ਸੰਬੰਧੀ ਕਾਰਣਾਂ ਕਰਕੇ ਸਫ਼ਰ ਨਹੀਂ ਕਰ ਸਕਦੇ ਉਨ੍ਹਾਂ ਲਈ ਡਾਕ ਰਾਹੀਂ ਵੋਟਿੰਗ ਪ੍ਰਦਾਨ ਕੀਤੀ ਜਾਂਦੀ ਹੈ, ਅਤੇ ਉਨ੍ਹਾਂ ਦਾ ਸੰਭਾਲ-ਪ੍ਰਦਾਤਾਵਾਂ ਨੂੰ ਵੀ (ਇੱਕੋ ਹੀ ਪਤੇ 'ਤੇ ਰਹਿੰਦੇ ਹੋਣ)।

ਡਾਕ ਰਾਹੀਂ ਵੋਟ ਬਾਰੇ ਬਿਨਤੀ ਕਰਨ ਲਈ, elections.montreal.ca 'ਤੇ ਦਿੱਤੇ ਫ਼ਾਰਮ ਨੂੰ ਭਰੋ ਜਾਂ 514 872-VOTE (8683) 'ਤੇ ਕਾੱਲ ਕਰੋ। ਡਾਕ ਰਾਹੀਂ ਵੋਟ ਲਈ ਤੁਹਾਡੀ ਬਿਨਤੀ ਅਕਤੂਬਰ 27, 2021 ਤੱਕ ਦਿੱਤੀ ਜਾਣੀ ਚਾਹੀਦੀ ਹੈ।

## ਮੈਂ ਨਿੱਜੀ ਪ੍ਰਾਈਵੇਟ ਸੀਨੀਅਰ ਰੈਜ਼ੀਡੈਂਸ, ਸ਼ੈਲਟਰ, ਵਿਜਿਟਰ ਸੈਂਟਰ ਜਾਂ ਹੋਰ ਯੋਗ ਸੰਸਥਾਵਾਂ ਵਿੱਚ ਰਹਿੰਦਾ ਹਾਂ, ਮੈਂ ਕਿਵੇਂ ਵੋਟ ਪਾ ਸਕਾਂਗਾ?

ਤੁਸੀਂ ਡਾਕ ਰਾਹੀਂ ਅਕਤੂਬਰ 27, 2021 ਤਕ ਵੋਟ ਪਾ ਸਕਦੇ ਹੋ। ਡਾਕ ਰਾਹੀਂ ਵੋਟ ਮੋਬਾਈਲ ਪੋਲਿੰਗ ਸਟੇਸ਼ਨ ਦੀ ਜਗ੍ਹਾ ਲੈਂਦੀਹੈ।

ਅਡਵਾਂਸ ਮਿਤੀ ਤੋਂ ਪਹਿਲਾਂ ਭੇਜੇ ਗਏ ਰਿਮਾਂਇੰਡਰ ਕਾਰਡ ਤੇ ਦੱਸੇ ਗਏ ਸਥਾਨ 'ਤੇ ਜਾ ਕੇ ਵੀ ਤੁਸੀਂ ਵੋਟ ਪਾ ਸਕਦੇ ਹੋ।

## ਕੀ ਕੋਵਿਡ-19 ਮੇਰੇ ਵੋਟ ਪਾਉਣ ਦੇ ਅਧਿਕਾਰ 'ਤੇ ਅਸਰ ਪਾਵੇਗਾ?

ਜਨਤਕ ਸਿਹਤ ਵੱਲੋਂ ਦੱਸੇ ਗਏ ਸਵੱਛਤਾ ਦੇ ਉਪਾਅ ਵੋਟਿੰਗ ਸਥਾਨਾਂ 'ਤੇ ਲਗਾਏ ਜਾਣਗੇ। ਤੁਸੀਂ ਸੁਰੱਖਿਅਤ ਢੰਗ ਨਾਲ ਉੱਥੇ ਵੋਟ ਪਾ ਸਕੋਗੇ। ਜੇ ਤੁਹਾਨੂੰ ਕੋਵਿਡ-19 ਕਾਰਣ ਸਵੈ-ਇਕਾਂਤਵਾਸ ਕਰਨਾ ਪਿਆ ਹੈ, ਤੁਸੀਂ ਅਕਤੂਬਰ 17 ਤੋਂ 27, 2021 ਤੱਕ ਡਾਕ ਰਾਹੀਂ ਵੋਟ ਲਈ ਬੇਨਤੀ ਕਰ ਸਕਦੇ ਹੋ। ਤੁਸੀਂ elections.montreal.ca 'ਤੇ ਫ਼ਾਰਮ ਭਰ ਕੇ ਜਾਂ 514-872-VOTE (8683) 'ਤੇ ਕਾੱਲ ਕਰਕੇ ਆਵੇਦਨ ਕਰ ਸਕਦੇ ਹੋ।

ਅਜਿਹੇ ਵਿਅਕਤੀ ਜੋ ਕੋਵਿਡ-19 ਕਾਰਣ ਇਕਾਂਤਵਾਸ ਵਿੱਚ ਹਨ ਅਤੇ ਸੋਧ ਦਲ ਨੂੰ ਆਵੇਦਨ ਕਰਨਾ ਚਾਹੁੰਦੇ ਹਨ ਉਨ੍ਹਾਂ ਨੂੰ ਇੱਕ ਲਿਖਤ ਬੇਨਤੀ ਕਰਨੀ ਹੋਵੇਗੀ। ਬੇਨਤੀ ਦੀ ਪ੍ਰਾਪਤੀ ਦੀ ਆਖਰੀ ਮਿਤੀ ਅਕਤੂਬਰ 18, 2021, ਸ਼ਾਮ 7:00 ਵਜੇ ਹੈ।

## ਡਾਕ ਰਾਹੀਂ ਵੋਟ ਕੌਣ ਪਾ ਸਕਦਾ ਹੈ?

ਡਾਕ ਰਾਹੀਂ ਵੋਟਿੰਗ ਉਨ੍ਹਾਂ ਵੋਟਰਾਂ ਲਈ ਨਵੀਂ ਹੈ ਜੋ:

- ਜੋ ਕਿ ਮੌਂਟਰੀਅਲ ਵਿੱਚ ਇੱਕ ਯੋਗ ਸੀਨੀਅਰ ਰੈਜ਼ੀਡੈਂਸ ਵਿੱਚ ਰਹਿੰਦੇ ਹਨ;
- ਸਫ਼ਰ ਨਹੀਂ ਕਰ ਸਕਦੇ ਜਾਂ ਵੋਟਰ ਦੇ ਸੰਭਾਲ-ਪ੍ਰਦਾਤਾ ਹਨ ਅਤੇ ਮੌਂਟਰੀਅਲ ਵਿੱਚ ਇੱਕੋ ਪਤੇ 'ਤੇ ਰਹਿੰਦੇ ਹਨ;
- ਕੋਵਿਡ-19 ਕਾਰਣ ਇਕਾਂਤਵਾਸ ਵਿੱਚ ਹਨ।

ਵੋਟ

## ਮੈਂ ਵੋਟ ਪਾਉਣ ਲਈ ਤਿਆਰੀ ਕਿਵੇਂ ਕਰ ਸਕਦਾ ਹਾਂ?

ਤੁਹਾਡੇ ਵੋਟ ਜ਼ਿਲ੍ਹੇ ਦੇ ਉਮੀਦਵਾਰਾਂ ਦੀ ਸੂਚੀ elections.montreal.ca 'ਤੇ ਉਪਲੱਬਧ ਹੈ। ਵੋਟਿੰਗ ਸਥਾਨਾਂ 'ਤੇ ਵਿਧਿਯੋਗ ਮਾਸਕ ਪਹਿਣਨਾ ਜਾਂ ਚਿਹਰੇ ਨੂੰ ਢੱਕਣਾ ਲਾਜ਼ਮੀ ਹੈ। ਆਪਣੀ ਸ਼ਨਾਖਤ ਕਰਾਉਣ ਲਈ ਤੁਹਾਨੂੰ ਥੋੜ੍ਹੇ ਸਮੇਂ ਲਈ ਆਪਣਾ ਮਾਸਕ ਹਟਾਉਣਾ ਪਵੇਗਾ।

### ਵੋਟ ਪਾਉਣ ਲਈ, ਤੁਹਾਨੂੰ ਲੋੜ ਹੋਵੇਗੀ:

- ਇੱਕ ਵਿਧੀਯੋਗ ਮਾਸਕ ਜਾਂ ਚੇਹਰੇ ਨੂੰ ਢੱਕਣ ਦੀ;
- ਇੱਕ ਕਾਲਾ ਜਾਂ ਨੀਲਾ ਪੈੱਨ ਜਾਂ ਇੱਕ ਸਿੱਕੇ ਵਾਲੀ ਪੈਂਸਿਲ ਦੀ;
- ਤੁਹਾਡੇ ਹੈਲਥ ਇੰਸ਼ੋਰੈਂਸ ਕਾਰਡ, ਡ੍ਰਾਇਵਰ ਲਾਈਸੈਂਸ, ਕੈਨੇਡਿਅਨ ਪਾਸਪੋਰਟ, ਭਾਰਤੀ ਸਟੇਟਸ ਦਾ ਸਰਟੀਫ਼ਿਕੇਟ ਜਾਂ ਕੈਨੇਡਿਅਨ ਆਰਮਡ ਫ਼ੋਰਸਿਜ਼ ਕਾਰਡ ਦੀ।

ਵੋਟਿੰਗ ਸਥਾਨਾਂ ਤੱਕ ਹਰ ਢੰਗ ਨਾਲ ਪਹੁੰਚਿਆ ਜਾ ਸਕਦਾ ਹੈ। ਤੁਹਾਡੇ ਵੋਟ ਪਾਉਣ ਦੇ ਅਧਿਕਾਰ ਦੀ ਵਰਤੋਂ ਨੂੰ ਸੁਖਾਲਾ ਬਣਾਉਣ ਦੇ ਉਪਾਰਾਲਿਆਂ ਨੂੰ ਜਾਣਨ ਲਈ ਸਾਨੂੰ ਸੰਪਰਕ ਕਰੋ।

## ਮੈਂ ਨਗਰ ਪਾਲਿਕਾ ਦੀਆਂ ਵੋਟਾਂ ਵਿੱਚ ਕੰਮ ਕਰਨਾ ਚਾਹੁੰਦਾ ਹਾਂ। ਮੈਨੂੰ ਕੀ ਕਰਨਾ ਚਾਹੀਦਾ ਹੈ?

ਅਕਤੂਬਰ 30 ਅਤੇ 31 ਨੂੰ ਅਤੇ ਨਵੰਬਰ 6 ਅਤੇ 7, 2021 ਨੂੰ ਕਈ ਤਰ੍ਹਾਂ ਦੀਆਂ ਭੁਗਤਾਨ ਯੋਗ ਨਿਯੁਕਤੀਆਂ ਉਪਲੱਬਧ ਹਨ।

ਆਨਲਾਈਨ ਆਵੇਦਨ ਫ਼ਾਰਮ ਨੂੰ ਭਰੋ।

ਇਸ ਵਿੱਚ 16 ਸਾਲ ਦੇ ਹੋਣਾ, ਇੱਕ ਸੋਸ਼ਲ ਇੰਸ਼ੋਰੈਂਸ ਨੰਬਰ ਅਤੇ ਵੈਧ ਈਮੇਲ ਪਤੇ ਦਾ ਹੋਣਾ ਸ਼ਾਮਿਲ ਹੈ।

## ਸਾਨੂੰ ਸੰਪਰਕ ਕਰੋ

514 872-VOTE (8683)

elections.montreal.ca

elections@montreal.ca

ਮੌਂਟਰੀਅਲ ਚੋਣਾਂ ਦੇ 25 ਸਥਾਨਾਂ ਵਿੱਚੋਂ ਇੱਕ 'ਤੇ

ਸਾਨੂੰ ਫੱਲੋ ਕਰੋ